ਮਿੱਠੇ ਬੱਚੇ:- "ਮਿੱਠੇ ਬੱਚੇ :- ਦੇਵਤਿਆ ਤੋਂ ਵੀ ਉੱਤਮ ਕਲਿਆਣਕਾਰੀ ਜਨਮ ਤੁਹਾਡਾ ਹੈ। ਕਿਉਂਕਿ ਤੁਸੀਂ ਬ੍ਰਾਹਮਣ ਹੋ। ਤੁਸੀਂ ਬ੍ਰਾਹਮਣ ਹੀ ਬਾਪ ਦੇ ਮਦਦਗਾਰ ਬਣਦੇ ਹੋ।"

ਪ੍ਰਸ਼ਨ:- ਪ੍ਰਸ਼ਨ:- ਇਸ ਵੇਲੇ ਤੁਸੀਂ ਬੱਚੇ ਬਾਬਾ ਦੀ ਕਿਹੜੀ ਮਦਦ ਕਰਦੇ ਹੋ? ਮਦਦਗਾਰ ਬੱਚਿਆਂ ਨੂੰ ਬਾਪ ਕੀ ਇਨਾਮ ਦਿੰਦੇ ਹਨ?

ਉੱਤਰ:- ਬਾਬਾ ਪਵਿੱਤਰਤਾ ਤੇ ਸ਼ਾਂਤੀ ਦਾ ਰਾਜ ਸਥਾਪਨ ਕਰ ਰਹੇ ਹਨ, ਅਸੀਂ ਓਹਨਾ ਨੂੰ ਪਵਿੱਤਰਤਾ ਦੀ ਮਦਦ ਕਰਦੇ ਹਾਂ। ਬਾਬਾ ਨੇ ਜਿਹੜਾ ਯਗ ਰਚਿਆ ਹੈ, ਉਸਦੀ ਅਸੀਂ ਸੰਭਾਲ ਕਰਦੇ ਹਾਂ ਤਾਂ ਜਰੂਰ ਬਾਬਾ ਸਾਨੂੰ ਪ੍ਰਾਈਜ਼ ਦੇਣਗੇ। ਸੰਗਮ ਤੇ ਵੀ ਸਾਨੂੰ ਬੜੀ ਵੱਡੀ ਪ੍ਰਾਈਜ਼ ਮਿਲਦੀ ਹੈ। ਅਸੀਂ ਸ੍ਰਿਸ਼ਟੀ ਦੇ ਆਦਿ, ਮੱਧ ਅਤੇ ਅੰਤ ਨੂੰ ਜਾਨਣ ਵਾਲੇ ਤ੍ਰਿਕਾਲਦ੍ਰਸ਼ੀ ਬਣ ਜਾਂਦੇ ਹਾਂ ਅਤੇ ਭਵਿੱਖ ਵਿਚ ਗੱਦੀ ਨਸ਼ੀਨ ਬਣ ਜਾਂਦੇ ਹਾਂ, ਇਹ ਹੀ ਪ੍ਰਾਈਜ਼ ਹੈ।

ਗੀਤ:- ਪਿਤਾ ਮਾਤਾ ਸਹਾਇਕ ਸਵਾਮੀ ਸਖਾ...

ਓਮ ਸ਼ਾਂਤੀ। ਇਹ ਕਿਸ ਦੀ ਮਹਿਮਾ ਹੈ? ਇਹ ਹੈ ਪਰਮਪਿਤਾ ਪਰਮਾਤਮਾ ਜਿਨ੍ਹਾਂ ਦਾ ਨਾਮ ਹੈ ਸ਼ਿਵ ਹੈ, ਉਨ੍ਹਾਂ ਦੀ ਮਹਿਮਾ। ਉਨ੍ਹਾਂ ਦਾ ਉੱਚ ਤੇ ਉੱਚ ਨਾਮ ਵੀ ਹੈ ਤੇ ਉੱਚੇ ਤੇ ਉੱਚਾ ਧਾਮ ਵੀ ਹੈ। ਧਰਮਪਿਤਾ ਪਰਮਾਤਮਾ ਦਾ ਅਰਥ ਹੈ- ਸਭ ਤੋਂ ਉੱਚੀ ਤੋਂ ਉੱਚੀ ਆਤਮਾ। ਹੋਰ ਕਿਸੇ ਨੂੰ ਵੀ ਪਰਮਪਿਤਾ ਪਰਮਾਤਮਾ ਨਹੀਂ ਕਿਹਾ ਜਾਂਦਾ। ਉਸ ਦੀ ਮਹਿਮਾ ਅਪਰਮਪਾਰ ਹੈ। ਇਸ ਤਰ੍ਹਾਂ ਕਹਿੰਦੇ ਹਨ ਕਿ ਇਤਨੀ ਤਾਂ ਮਹਿਮਾ ਹੈ ਉਸ ਦਾ ਪਾਰ ਨਹੀਂ ਪਾ ਸਕਦੇ। ਰਿਸ਼ੀ - ਮੁਨੀ ਵੀ ਇਵੇਂ ਕਹਿੰਦੇ ਸਨ ਕਿ ਉਸ ਦਾ ਪਾਰ ਨਹੀਂ ਪਾ ਸਕਦੇ। ਓਹ ਵੀ ਨੇਤੀ ਨੇਤੀ ਕਹਿੰਦੇ ਆਏ ਹਨ। ਹੁਣ ਬਾਬਾ ਖੁਦ ਆਕੇ ਆਪਣਾ ਪਰਿਚੇ ਦਿੰਦੇ ਹਨ, ਕਿਓਂ? ਬਾਬਾ ਦਾ ਪਰਿਚੈ ਤੇ ਹੋਣਾ ਚਾਹੀਦਾ ਹੈ ਹੈ। ਤਾਂ ਬੱਚਿਆਂ ਨੂੰ ਪਰਿਚੈ ਮਿਲੇ ਕਿਵੇਂ? ਜਦੋ ਤੱਕ ਉਹ ਇਸ ਭੂਮੀ ਤੇ ਨਾ ਆਉਣ ਉਦੋਂ ਤੱਕ ਹੋਰ ਕੋਈ ਉਨ੍ਹਾਂ ਦਾ ਪਰਿਚੇ ਦੇ ਨਾ ਸਕੇ। ਜਦੋ ਫਾਦਰ ਸ਼ੋਜ ਸਨ, ਤਾਂ ਸਨ ਸ਼ੋਜ ਫਾਦਰ। ਬਾਪ ਸਮਝਾਉਂਦੇ ਹਨ ਮੇਰਾ ਵੀ ਪਾਰਟ ਨੂੰਧਿਆ ਹੋਇਆ ਹੈ। ਮੈਂ ਹੀ ਆਕੇ ਪਤਿਤਾਂ ਨੂੰ ਪਾਵਨ ਕਰਨਾ ਹੈ। ਸਾਧੂ - ਸੰਤ ਵੀ ਗਾਉਂਦੇ ਰਹਿੰਦੇ ਹਨ - ਪਤਿਤ ਪਾਵਨ ਸੀਤਾਰਾਮ ਆਓ, ਕਿਉਂਕਿ ਰਾਵਣ ਦਾ ਰਾਜ ਹੈ। ਰਾਵਣ ਕੋਈ ਘਟ ਨਹੀਂ ਹੈ। ਸਾਰੀ ਦੁਨੀਆ ਨੂੰ ਤਮੋਪ੍ਰਧਾਨ ਪਤਿਤ ਕਿਸ ਨੇ ਬਣਾਇਆ? ਰਾਵਣ ਨੇ। ਫਿਰ ਪਾਵਨ ਬਣਾਉਣ ਵਾਲਾ ਸਮਰਥ ਰਾਮ ਹੈ ਨਾ। ਅੱਧਾਕਲਪ ਰਾਮ ਰਾਜ ਹੈ ਤੇ ਅੱਧਾ ਕਲਪ ਰਾਵਣ ਦਾ ਰਾਜ ਚਲਦਾ ਹੈ। ਰਾਵਣ ਕੀ ਹੈ, ਇਹ ਕੋਈ ਜਾਣਦਾ ਨਹੀਂ ਹੈ। ਵਰ੍ਹੇ - ਵਰ੍ਹੇ ਸਾੜਦੇ ਰਹਿੰਦੇ ਹਨ ਫਿਰ ਵੀ ਰਾਵਣ ਰਾਜ ਚਲਦਾ ਰਹਿੰਦਾ ਹੈ। ਸੜਦਾ ਥੋੜੇ ਹੀ ਹੈ। ਮਨੁੱਖ ਕਹਿੰਦੇ ਹਨ ਪਰਮਾਤਮਾ ਸਮਰੱਥ ਹੈ, ਤਾਂ ਰਾਵਣ ਨੂੰ ਰਾਜ ਕਰਨ ਕਿਓਂ ਦਿੰਦੇ ਹਨ। ਬਾਪ ਸਮਝਾਉਂਦੇ ਹਨ ਇਹ ਨਾਟਕ ਹੈ। ਹਾਰ ਜਿੱਤ ਦਾ, ਨਰਕ ਤੇ ਸਵਰਗ ਦਾ। ਭਾਰਤ ਤੇ ਹੀ ਸਾਰਾ ਖੇਲ ਬਣਿਆ ਹੋਇਆ ਹੈ। ਇਹ ਹੀ ਬਣਿਆ - ਬਣਾਇਆ ਡਰਾਮਾ ਹੈ। ਇਵੇਂ ਨਹੀਂ ਪਰਮਾਤਮਾ ਸਰਵ ਸ਼ਕਤੀਮਾਨ ਹੈ ਤਾਂ ਖੇਲ ਪੂਰਾ ਹੋਣ ਤੋਂ ਪਹਿਲਾਂ ਹੀ ਆਵੇਗਾ ਜਾ ਅੱਧ ਵਿਚ ਖੇਲ ਨੂੰ ਬੰਦ ਕਰ ਸਕਦਾ ਹੈ। ਬਾਪ ਕਹਿੰਦੇ ਹਨ ਜਦੋ ਸਾਰੀ ਦੁਨੀਆ ਪਤਿਤ ਹੋ ਜਾਂਦੀ ਹੈ। ਤਾਂ ਮੈਂ ਆਉਂਦਾ ਹਾਂ ਇਸਲਈ ਸ਼ਿਵਰਾਤ੍ਰੀ ਵੀ ਮਨਾਉਂਦੇ ਹਨ। ਸ਼ਿਵਾਏ ਨਮਾ ਵੀ ਕਹਿੰਦੇ ਹਨ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਫਿਰ ਦੇਵਤਾ ਨਮਾ ਕਹਾਂਗੇ। ਸ਼ਿਵ ਨੂੰ ਪਰਮਾਤਮਾ ਨਮਾ ਕਹਾਂਗੇ। ਸ਼ਿਵ ਕੀ ਅਜਿਹਾ ਹੀ ਹੈ ਜਿਵੇ ਬਬੁਲਨਾਥ ਜਾ ਸੋਮਨਾਥ ਦੇ ਮੰਦਿਰ ਵਿਚ ਹੈ? ਕੀ ਪਰਮਪਿਤਾ ਪਰਮਾਤਮਾ ਦਾ ਇਤਨਾ ਵੱਡਾ ਰੂਪ ਹੈ? ਜਾਂ ਆਤਮਾ ਦਾ ਛੋਟਾ ਹੈ, ਬਾਪ ਦਾ ਵੱਡਾ ਰੂਪ ਹੈ? ਕਵੇਚਸ਼ਨ ਆਵੇਗਾ ਨਾ? ਜਿਵੇ ਇਥੇ ਛੋਟੇ ਨੂੰ ਬੱਚਾ, ਵੱਡੇ ਨੂੰ ਬਾਪ ਕਿਹਾ ਜਾਂਦਾ ਹੈ। ਉਵੇਂ ਪਰਮਪਿਤਾ ਪਰਮਾਤਮਾ ਬਾਕੀ ਆਤਮਾਵਾਂ ਨਾਲੋਂ ਵੱਡਾ ਹੈ ਅਤੇ ਅਸੀਂ ਆਤਮਾਵਾਂ ਛੋਟੀਆਂ ਹਾਂ? ਨਹੀਂ। ਬਾਪ ਸਮਝਾਉਂਦੇ ਹਨ - ਬੱਚੇ, ਮੇਰੀ ਮਹਿਮਾ ਗਾਉਂਦੇ ਹੋ, ਕਹਿੰਦੇ ਹੋ ਪਰਮਾਤਮਾ ਦੀ ਮਹਿਮਾ ਅਪਰਮਪਾਰ ਹੈ। ਮਨੁੱਖ ਸ੍ਰਿਸ਼ਟੀ ਦਾ ਬੀਜ ਹੈ, ਤਾਂ ਪਿਤਾ ਨੂੰ ਬੀਜ ਕਹਾਂਗੇ ਨਾ। ਉਹ ਕ੍ਰਿਏਟਰ ਹੈ। ਬਾਕੀ ਜੋ ਏਨੇ ਵੇਦ, ਉਪਨਿਸ਼ਦ, ਗੀਤਾ, ਯਗ, ਤਪ, ਦਾਨ, ਪੁੰਨ... ਇਹ ਸਭ ਹਨ ਭਗਤੀ ਮਾਰਗ ਦੀ ਸਮਗ੍ਰੀ। ਇਨ੍ਹਾਂ ਦਾ ਵੀ ਆਪਣਾ ਸਮਾ ਹੈ। ਅੱਧਾ ਕਲਪ ਭਗਤੀ ਦਾ ਅੱਧਾ ਕਲਪ ਗਿਆਨ ਦਾ। ਭਗਤੀ ਹੈ ਬ੍ਰਹਮਾ ਦੀ ਰਾਤ, ਗਿਆਨ ਹੈ ਬ੍ਰਹਮਾ ਦਾ ਦਿਨ। ਇਹ ਸ਼ਿਵਬਾਬਾ ਤੁਹਾਨੂੰ ਸਮਝਾਉਦੇ ਹਨ, ਇਨ੍ਹਾਂ ਨੂੰ ਆਪਣਾ ਤਨ ਤੇ ਹੈ ਨਹੀਂ। ਕਹਿੰਦੇ ਹਨ ਮੈਂ ਤੁਹਾਨੂੰ ਰਾਜਯੋਗ ਸਿਖਲਾਉਂਦਾ ਹਾਂ। ਰਾਜਭਾਗ ਦਿਵਾਉਣ ਦੇ ਲਈ। ਹੁਣ ਬ੍ਰਹਮਾ ਦੀ ਰਾਤ ਪੂਰੀ ਹੁੰਦੀ ਹੈ। ਉਹ ਧਰਮ ਗਲਾਨੀ ਦਾ ਸਮਾ ਆ ਪਹੁੰਚਿਆ ਹੈ। ਸਭ ਤੋਂ ਜ਼ਿਆਦਾ ਗਲਾਨੀ ਕਿਸ ਦੀ ਕਰਦੇ ਹਨ? ਪਰਮਪਿਤਾ ਪਰਮਾਤਮਾ ਸ਼ਿਵ ਦੀ। ਲਿਖਿਆ ਹੈ ਨਾ ਯਦਾ, ਯਦਾਹੀ... ਇਵੇਂ ਨਹੀਂ ਮੈਂ ਪਹਿਲਾਂ ਕੋਈ ਸੰਸਕ੍ਰਿਤ ਵਿਚ ਗਿਆਨ ਦਿਤਾ ਹੈ। ਭਾਸ਼ਾ ਤਾਂ ਇਹ ਹੀ ਹੈ। ਤਾਂ ਜਦ ਭਾਰਤ ਵਿਚ ਦੇਵੀ ਦੇਵਤਾ ਧਰਮ ਸਥਾਪਨ ਕਰਨ ਵਾਲੇ ਦੀ ਗਲਾਨੀ ਹੁੰਦੀ ਹੈ। ਮੈਨੂੰ ਠਿਕਰ, ਭਿੱਤਰ ਵਿਚ ਠੋਕ ਦਿੰਦੇ ਹਨ। ਓਦੋ ਮੈਂ ਆਉਂਦਾ ਹਾਂ। ਜੋ ਭਾਰਤ ਨੂੰ ਸਵਰਗ ਬਣਾਉਂਦੇ ਹਨ। ਪਤਿਤਾਂ ਨੂੰ ਪਾਵਨ ਬਣਾਉਂਦੇ ਹਨ। ਉਸਦੀ ਕਿੰਨੀ ਗਲਾਨੀ ਕੀਤੀ ਹੈ।

ਤੁਸੀਂ ਬੱਚੇ ਜਾਣਦੇ ਹੋ, ਭਾਰਤ ਹੈ ਸਭ ਤੋਂ ਪੁਰਾਣਾ ਖੰਡ, ਜੋ ਕਦੇ ਵਿਨਾਸ਼ ਨਹੀਂ ਹੁੰਦਾ ਹੈ। ਸਤਿਯੁਗ ਵਿਚ ਲਕਸ਼ਮੀ-ਨਰਾਇਣ ਦਾ ਰਾਜ ਵੀ ਇਥੇ ਹੀ ਹੁੰਦਾ ਹੈ। ਇਹ ਰਾਜ ਵੀ ਸਵਰਗ ਦੇ ਰਚਿਯਤਾ ਨੇ ਦਿੱਤਾ ਹੈ। ਹੁਣ ਤਾਂ ਉਹ ਹੀ ਭਾਰਤ ਪਤਿਤ ਹੈ, ਤਾਂ ਫਿਰ ਮੈਂ ਆਉਂਦਾ

ਹਾਂ ਤਾਂ ਹੀ ਤੇ ਓਹਨਾ ਦੀ ਮਹਿਮਾ ਗਾਉਂਦੇ ਹਨ ਸ਼ਿਵਾਏ ਨਮਾ ਇਸ ਬੇਹੱਦ ਦੇ ਡਰਾਮੇ ਵਿਚ ਹਰ ਇਕ ਆਤਮਾ ਦਾ ਪਾਰਟ ਨੂੰਧਿਆ ਹੋਇਆ ਹੈ। ਜੋ ਰਪੀਟ ਹੁੰਦਾ ਹੈ। ਜਿਸ ਦੇ ਨਾਲ ਹੀ ਕੋਈ ਟੁਕੜਾ ਨਿਕਾਲ ਕੇ ਹੱਦ ਦਾ ਡਰਾਮਾ ਬਣਾਉਂਦੇ ਹਨ। ਹਾਲੇ ਅਸੀਂ ਬ੍ਰਾਹਮਣ ਹਾਂ, ਫਿਰ ਦੇਵਤਾ ਬਣਾਂਗੇ। ਇਹ ਹੈ ਇਸ਼ਵਰੀਏ ਵਰਨ। ਇਹ ਹੈ ਤੁਹਾਡਾ 84ਵੇਂ ਜਨਮ ਦਾ ਅੰਤ, ਇਸ ਵਿਚ ਚਾਰਾਂ ਵਰਣਾਂ ਦਾ ਤੁਹਾਨੂੰ ਗਿਆਨ ਹੈ। ਇਸਲਈ ਬ੍ਰਾਹਮਣ ਵਰਣ ਸਭ ਤੋਂ ਉੱਚਾ ਹੈ। ਪਰ ਮਹਿਮਾ ਅਤੇ ਪੂਜਾ ਦੇਵਤਾਵਾਂ ਦੀ ਹੁੰਦੀ ਹੈ। ਬ੍ਰਹਮਾ ਦਾ ਮੰਦਿਰ ਵੀ ਹੈ ਪਰ ਕਿਸੇ ਨੂੰ ਪਤਾ ਨਹੀਂ ਕੀ ਇਸ ਵਿਚ ਪਰਮਾਤਮਾ ਆਕੇ ਭਾਰਤ ਨੂੰ ਸਵਰਗ ਬਣਾਉਂਦੇ ਹਨ। ਜਦੋ ਸਥਾਪਨਾ ਹੋ ਰਹੀ ਹੈ ਤਾਂ ਵਿਨਾਸ਼ ਵੀ ਚਾਹੀਦਾ ਹੈ। ਇਸਲਈ ਕਹਿੰਦੇ ਹਨ ਕਿ ਰੁਦ੍ਰ ਗਿਆਨ ਯਗ ਵਿੱਚੋ ਵਿਨਾਸ਼ ਜਵਾਲਾ ਨਿਕਲੀ।

ਹੁਣ ਉਹ ਹੀ ਬਾਪ ਬੱਚਿਆਂ ਨੂੰ ਸਮਝਾ ਰਹੇ ਹਨ - ਮਿੱਠੇ ਬੱਚੇ ਹੁਣ ਇਹ ਤੁਹਾਡਾ ਅੰਤਿਮ ਜਨਮ ਹੈ। ਮੈਂ ਤੁਹਾਨੂੰ ਫਿਰ ਤੋਂ ਸਵਰਗ ਦਾ ਵਰਸਾ ਦੇਣ ਲਈ ਆਇਆ ਹਾਂ। ਤੁਹਾਡਾ ਹੱਕ ਹੈ, ਪਰ ਜੋ ਮੇਰੀ ਸ਼੍ਰੀਮਤ ਤੇ ਚੱਲਣਗੇ ਉਨ੍ਹਾਂ ਨੂੰ ਮੈਂ ਸਵਰਗ ਦਾ ਪ੍ਰਾਈਜ਼ ਦੇਵਾਂਗਾ । ਉਨ੍ਹਾਂ ਨੂੰ ਵੀ ਪੀਸ ਪ੍ਰਾਈਜ਼ ਆਦਿ ਮਿਲਦੀ ਹੈ। ਪਰੰਤੂ ਬਾਪ ਸਭ ਨੂੰ ਸਵਰਗ ਦੀ ਪ੍ਰਾਈਜ਼ ਦਿੰਦੇ ਹਨ। ਕਹਿੰਦੇ ਹਨ ਮੈਂ ਨਹੀਂ ਲਵਾਂਗਾ। ਮੈਂ ਤੁਹਾਡੇ ਦਵਾਰਾ ਕਰਵਾਉਂਦਾ ਹਾਂ ਤਾਂ ਤੁਹਾਨੂੰ ਹੀ ਦੇਵਾਂਗਾ। ਤੁਸੀਂ ਹੋ ਸ਼ਿਵਬਾਬਾ ਦੇ ਪੋਤਰੇ, ਬ੍ਰਹਮਾ ਬਾਬਾ ਦੇ ਬੱਚੇ। ਇਤਨੇ ਬੱਚੇ ਤਾਂ ਪ੍ਰਜਪਿਤਾ ਬ੍ਰਹਮਾ ਹੀ ਅਡਾਪੱਟ ਕਰਦੇ ਹੋਣਗੇ ਨਾ। ਇਹ ਬ੍ਰਾਹਮਣ ਜਨਮ ਤੁਹਾਡਾ ਸਭ ਤੋਂ ਉੱਤਮ ਜਨਮ ਹੈ। ਇਹ ਕਲਿਆਣਕਾਰੀ ਜਨਮ ਹੈ। ਦੇਵਤਾਵਾਂ ਦਾ ਜਨਮ ਜਾਂ ਸ਼ੂਦਰਾਂ ਦਾ ਜਨਮ ਕਲਿਆਣਕਾਰੀ ਨਹੀਂ ਹੈ। ਇਹ ਜਨਮ ਤੁਹਾਡਾ ਬਹੁਤ ਕਲਿਆਣਕਾਰੀ ਹੈ ਕਿਉਂਕਿ ਬਾਪ ਦੇ ਮਦਦਗਾਰ ਬਣ ਸ੍ਰਿਸ਼ਟੀ ਤੇ ਪਿਉਰਿਟੀ ਪੀਸ ਸਥਾਪਨ ਕਰਦੇ ਹੋ। ਉਹ ਇਨਾਮ ਦੇਣ ਵਾਲੇ ਥੋੜੇ ਹੀ ਜਾਣਦੇ ਹਨ। ਉਹ ਤਾਂ ਕੋਈ ਅਮੇਰਿਕਨ ਆਦਿ ਨੂੰ ਦੇ ਦਿੰਦੇ ਹਨ। ਬਾਪ ਫਿਰ ਕਹਿੰਦੇ ਹਨ ਜੋ ਮੇਰੇ ਮਦਦਗਾਰ ਬਣਨਗੇ ਮੈਂ ਓਹਨਾ ਨੂੰ ਪ੍ਰਾਈਜ਼ ਦੇਵਾਂਗਾ। ਪਿਉਰਿਟੀ ਹੈ ਤਾਂ ਸ੍ਰਿਸ਼ਟੀ ਵਿਚ ਪੀਸ ਪ੍ਰਾਸਪਰਿਟੀ ਸਭ ਕੁਝ ਹੈ। ਇਹ ਤਾਂ ਵੇਸ਼ਾਲਯ ਹੈ, ਸਤਿਯੁਗ ਹੈ ਸ਼ਿਵਾਲਾ। ਸ਼ਿਵਬਾਬਾ ਨੇ ਸਥਾਪਨ ਕੀਤਾ ਹੈ। ਸਾਧੂ ਸੰਨਿਆਸੀ ਹਨ ਹੱਠਯੋਗੀ। ਗ੍ਰਹਿਸਤ ਧਰਮ ਵਾਲਿਆਂ ਨੂੰ ਸਹਿਜ ਰਾਜਯੋਗ ਤਾਂ ਸਿਖਾ ਨਹੀਂ ਸਕਦੇ। ਚਾਹੇ ਹਜਾਰ ਵਾਰੀ ਗੀਤਾ ਮਹਾਭਾਰਤ ਪੜ੍ਹ ਲੈਣ। ਇਹ ਤਾਂ ਸਭ ਦਾ ਬਾਬਾ ਹੈ। ਸਾਰੇ ਧਰਮਾ ਵਾਲਿਆਂ ਨੂੰ ਕਹਿੰਦੇ ਹਨ ਆਪਣਾ ਬੁੱਧੀਯੋਗ ਮੇਰੇ ਨਾਲ ਲਗਾਓ। ਮੈਂ ਵੀ ਛੋਟਾ ਜਿਹਾ ਬਿੰਦੂ ਹਾਂ। ਇਤਨਾ ਵੱਡਾ ਤਾਂ ਨਹੀਂ ਹਾਂ। ਜਿਵੇਂ ਦੀ ਆਤਮਾ ਉਸ ਤਰ੍ਹਾਂ ਦਾ ਹੀ ਮੈਂ ਪਰਮਾਤਮਾ ਹਾਂ। ਆਤਮਾ ਵੀ ਭ੍ਰਿਕੁਟੀ ਵਿਚ ਰਹਿੰਦੀ ਹੈ। ਇਤਨੀ ਵੱਡੀ ਹੁੰਦੀ ਤਾਂ ਇਥੇ ਕਿਵੇਂ ਬੈਠ ਸਕਦੀ ਸੀ। ਮੈਂ ਵੀ ਆਤਮਾ ਜਿਹਾ ਹੀ ਹਾਂ। ਸਿਰਫ ਮੈਂ ਜਨਮ - ਮਰਨ ਰਹਿਤ ਸਦਾ ਪਾਵਨ ਹਾਂ ਅਤੇ ਆਤਮਾਵਾਂ ਜਨਮ ਮਰਨ ਵਿੱਚ ਆਉਂਦੀਆਂ ਹਨ। ਪਤਿਤ ਤੋਂ ਪਾਵਨ ਹੁੰਦੀਆਂ ਹਨ। ਹੁਣ ਫਿਰ ਪਤਿਤ ਤੋਂ ਪਾਵਨ ਬਣਾਉਣ ਲਈ ਬਾਪ ਨੇ ਇਹ ਰੁਦ੍ਰ ਯਗ ਰਚਿਆ ਹੈ। ਇਸਦੇ ਬਾਅਦ ਸਤਿਯੁਗ ਵਿਚ ਕੋਈ ਯਗ ਨਹੀਂ ਹੁੰਦਾ। ਫਿਰ ਦਵਾਪਰ ਤੋਂ ਅਨੇਕ ਤਰ੍ਹਾਂ ਦੇ ਯਗ ਰਚਦੇ ਰਹਿੰਦੇ ਹਨ। ਇਹ ਰੁੱਦ੍ਰ ਗਿਆਨ ਯਗ ਸਾਰੇ ਕਲਪ ਵਿਚ ਇਕ ਹੀ ਵਾਰ ਰਚਿਆ ਜਾਂਦਾ ਹੈ। ਇਸ ਤਰ੍ਹਾਂ ਸਭ ਦੀ ਅਹੁਤੀ ਪੈ ਜਾਂਦੀ ਹੈ। ਫਿਰ ਕੋਈ ਯਗ ਨਹੀਂ ਰਚਿਆ ਜਾਂਦਾ। ਯਗ ਰਚਦੇ ਹਨ ਜਦੋ ਕੋਈ ਆਫ਼ਤਾਂ ਆਉਂਦੀਆਂ ਹਨ। ਮੀਂਹ ਨਹੀਂ ਪੈਂਦਾ ਜਾ ਕੋਈ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਯਗ ਰਚਦੇ ਹਨ। ਸਤਿਯੁਗ ਤ੍ਰੇਤਾ ਵਿਚ ਕੋਈ ਆਫ਼ਤਾਂ ਨਹੀਂ ਆਉਂਦੀਆਂ। ਇਸ ਵੇਲੇ ਕਈ ਤਰ੍ਹਾਂ ਦੀਆਂ ਆਫ਼ਤਾਂ ਆਉਂਦੀਆਂ ਹਨ ਇਸਲਈ ਸਭ ਤੋਂ ਵੱਡੇ ਸੇਠ ਸ਼ਿਵਬਾਬਾ ਨੇ ਯਗ ਰਚਿਆ ਹੈ ਤਾਂ ਪਹਿਲੇ ਤੋਂ ਹੀ ਸਾਕਸ਼ਾਤਕਾਰ ਕਰਵਾਉਂਦੇ ਹਨ। ਕਿਵੇਂ ਅਹੁਤੀ ਪੈਣੀ ਹੈ। ਕਿਵੇਂ ਵਿਨਾਸ਼ ਹੋਣਾ ਹੈ। ਪੁਰਾਣੀ ਦੁਨੀਆ ਕਬ੍ਰੀਸਤਾਨ ਬਣਨੀ ਹੈ। ਤਾਂ ਫਿਰ ਇਸ ਦੁਨੀਆ ਨਾਲ ਕੀ ਦਿਲ ਲਗਾਉਣੀ ਹੈ ਇਸਲਈ ਤੁਸੀਂ ਬੱਚੇ ਬੇਹੱਦ ਪੁਰਾਣੀ ਦੁਨੀਆ ਦਾ ਸੰਨਿਆਸ ਕਰਦੇ ਹੋ। ਉਹ ਸੰਨਿਆਸੀ ਤਾਂ ਸਿਰਫ ਘਰ ਬਾਰ ਦਾ ਸੰਨਿਆਸ ਕਰਦੇ ਹਨ। ਤੁਹਾਨੂੰ ਘਰ -ਬਾਰ ਨਹੀਂ ਛੱਡਣਾ ਹੈ। ਇਥੇ ਗ੍ਰਹਿਸਤ ਵਿਵਹਾਰ ਸੰਭਾਲਦੇ ਵੀ ਇਸ ਤੋਂ ਸਿਰਫ ਮੋਹ ਤੋੜਨਾ ਹੈ। ਇਹ ਸਾਰੇ ਮਰੇ ਪਏ ਹਨ। ਇਨ੍ਹਾਂ ਨਾਲ ਕੀ ਦਿਲ ਲਗਾਉਣਾ। ਇਹ ਤਾਂ ਮੁਰਦਿਆਂ ਦੀ ਦੁਨੀਆ ਹੈ। ਇਸਲਈ ਕਹਿੰਦੇ ਹਨ ਪਰਿਸਤਾਨ ਨੂੰ ਯਾਦ ਕਰੋ। ਕਬ੍ਰਿਸਤਾਨ ਨੂੰ ਕਿਓਂ ਯਾਦ ਕਰਦੇ ਹੋ?

ਬਾਬਾ ਵੀ ਦਲਾਲ ਬਣ ਤੁਹਾਡੀ ਬੁੱਧੀ ਦਾ ਯੋਗ ਆਪਣੇ ਨਾਲ ਲਗਾਉਂਦੇ ਹਨ। ਕਹਿੰਦੇ ਹਨ ਆਤਮਾ ਪਰਮਾਤਮਾ ਅਲਗ ਰਹੇ ਬਹੁਕਾਲ... ਇਹ ਮਹਿਮਾ ਉਨ੍ਹਾਂ ਦੀ ਹੈ। ਕਲਯੁਗੀ ਗੁਰੂ ਨੂੰ ਪਤਿਤ - ਪਾਵਨ ਕਹਿ ਨਹੀਂ ਸਕਦੇ। ਉਹ ਸਦਗਤੀ ਤੇ ਨਹੀਂ ਕਰ ਸਕਦੇ। ਹਾਂ ਸ਼ਾਸਤਰ ਸੁਣਾਉਂਦੇ ਹਨ। ਕ੍ਰਿਯਾ - ਕਰਮ ਕਰਵਾਉਂਦੇ ਹਨ। ਸ਼ਿਵਬਾਬਾ ਦਾ ਕੋਈ ਟੀਚਰ, ਗੁਰੂ ਨਹੀਂ ਹੈ। ਬਾਬਾ ਤਾਂ ਕਹਿੰਦੇ ਮੈਂ ਤੁਹਾਨੂੰ ਸਵਰਗ ਦਾ ਵਰਸਾ ਦੇਣ ਆਇਆ ਹਾਂ। ਫਿਰ ਸੂਰਜਵੰਸ਼ੀ ਬਣੋ ਜਾ ਚੰਦਰਵੰਸ਼ੀ ਬਣੋ। ਉਹ ਕਿਵੇਂ ਬਣਦੇ ਹਨ ਲੜਾਈ ਨਾਲ? ਨਹੀਂ। ਨਾ ਲਕਸ਼ਮੀ - ਨਰਾਇਣ ਨੇ ਲੜਾਈ ਨਾਲ ਰਾਜ ਲਿਆ, ਨਾ ਰਾਮ -2 ਸੀਤਾ ਨੇ। ਇਨ੍ਹਾਂ ਨੇ ਇਸ ਸਮੇਂ ਮਾਇਆ ਨਾਲ ਲੜਾਈ ਕੀਤੀ ਹੈ। ਤੁਸੀਂ ਇਨਕਾਗਨਿਟੋ ਵਾਰਿਅਰਜ ਹੋ। ਇਸਲਈ ਤੁਹਾਨੂੰ ਸ਼ਕਤੀ ਸੈਨਾ ਨੂੰ ਕੋਈ ਜਾਣਦਾ ਨਹੀਂ ਹੈ। ਤੁਸੀਂ ਯੋਗਬਲ ਦੇ ਨਾਲ ਸਾਰੇ ਵਿਸ਼ਵ ਦੇ ਮਾਲਿਕ ਬਣਦੇ ਹੋ। ਤੁਸੀਂ ਹੀ ਸਾਰੇ ਵਿਸ਼ਵ ਦਾ ਰਾਜ ਗਵਾਇਆ ਹੈ। ਫਿਰ ਤੁਸੀਂ ਹੀ ਪਾ ਰਹੇ ਹੋ। ਤੁਹਾਨੂੰ ਪ੍ਰਾਈਜ਼ ਦੇਣ ਵਾਲਾ ਬਾਪ ਹੈ। ਹੁਣ ਜਿਹੜੇ ਬਾਪ ਦੇ ਮਦਦਗਾਰ ਬਣਦੇ ਹਨ ਉਨ੍ਹਾਂ ਨੂੰ ਅੱਧਾਕਲਪ ਦੇ ਲਈ ਪੀਸ, ਪ੍ਰਾਸਪਰਟੀ ਦੀ ਪ੍ਰਾਈਜ਼ ਮਿਲੇਗੀ ਹੈ। ਬਾਬਾ ਮਦਦਗਾਰ ਉਨ੍ਹਾਂ ਨੂੰ ਕਹਿੰਦੇ ਹਨ ਜੋ ਅਸ਼ਰੀਰੀ ਹੋ ਕੇ ਬਾਪ ਨੂੰ ਯਾਦ ਕਰਦੇ ਹਨ, ਸਵਦਰਸ਼ਨ ਚੱਕਰ ਫਿਰਾਉਂਦੇ ਹਨ। ਸ਼ਾਂਤੀਧਾਮ, ਸਵੀਟ ਹੋਮ, ਸਵੀਟ ਰਾਜਧਾਨੀ ਨੂੰ ਯਾਦ ਕਰਦੇ ਹਨ, ਅਤੇ ਪਵਿੱਤਰ ਬਣਦੇ ਹਨ। ਕਿੰਨਾ ਸੌਖਾ ਹੈ ਅਸੀਂ ਆਤਮਾਵਾਂ ਸਟਾਰ ਹਾਂ। ਸਾਡਾ ਬਾਪ ਪਰਮਾਤਮਾ ਵੀ ਸਟਾਰ ਹੈ। ਉਹ ਕੋਈ ਇਤਨਾ ਵੱਡਾ ਨਹੀਂ ਹੈ ਪਰ ਸਟਾਰ ਦੀ ਪੂਜਾ ਕਿਵੇਂ ਹੋਵੇ ਇਸਲਈ ਇਤਨਾ ਵੱਡਾ ਬਣਾ ਦਿੱਤਾ ਹੈ। ਪੂਜਾ ਤੇ ਪਹਿਲੇ ਬਾਪ ਦੀ ਹੁੰਦੀ ਹੈ, ਫਿਰ ਦੂਜਿਆਂ ਦੀ ਹੁੰਦੀ ਹੈ। ਲਕਸ਼ਮੀ - ਨਰਾਇਣ ਦੀ ਕਿੰਨੀ ਪੂਜਾ ਹੁੰਦੀ ਹੈ। ਪਰ ਉਨ੍ਹਾਂ ਨੂੰ ਅਜਿਹਾ ਬਣਾਉਣ ਵਾਲਾ ਕੌਣ? ਸਭ ਦਾ ਸਦਗਤੀ ਦਾਤਾ ਬਾਪ ਇਕ ਹੈ। ਬਲਿਹਾਰੀ ਉਸ ਇੱਕ ਦੀ ਹੈ ਨਾ।

ਉਨ੍ਹਾਂ ਦੀ ਜਯੰਤੀ ਡਾਇਮੰਡ ਸਮਾਨ ਹੈ। ਬਾਕੀ ਸਭ ਦੇ ਬਰਥ ਕੋਡੀ ਸਮਾਨ ਹਨ। ਸ਼ਿਵਾਏ ਨਮਾ - ਇਹ ਉਨ੍ਹਾਂ ਦਾ ਯਗ ਹੈ, ਤੁਸੀਂ ਬ੍ਰਾਹਮਣਾ ਤੋਂ ਰਚਵਾਇਆ ਹੈ। ਕਹਿੰਦੇ ਹਨ ਜੋ ਮੈਨੂੰ ਪਿਉਰਿਟੀ, ਪੀਸ ਸਥਾਪਨ ਕਰਨ ਵਿਚ ਮਦਦ ਕਰਨਗੇ ਉਨ੍ਹਾਂ ਨੂੰ ਇਤਨਾ ਫਲ ਦੇਵਾਂਗਾ। ਬ੍ਰਾਹਮਣਾ ਤੋਂ ਯਗ ਰਚਵਾਇਆ ਹੈ ਤਾਂ ਦਕਸ਼ਨਾ ਤਾਂ ਦੇਣਗੇ। ਇਹ ਇਤਨਾ ਵੱਡਾ ਯਗ ਰਚਿਆ ਹੈ। ਹੋਰ ਕੋਈ ਵੀ ਯਗ ਇਤਨਾ ਸਮਾ ਨਹੀਂ ਚਲਦਾ ਹੈ। ਕਹਿੰਦੇ ਹਨ ਜੋ ਮੇਰੀ ਜਿੰਨੀ ਮਦਦ ਕਰਨਗੇ ਉਤਨੀ ਵੱਡੀ ਪ੍ਰਾਈਜ਼ ਦੇਵਾਂਗਾ। ਸਾਰਿਆਂ ਨੂੰ ਪ੍ਰਾਈਜ਼ ਦੇਣ ਵਾਲਾ ਮੈਂ ਹਾਂ। ਮੈਂ ਕੁਝ ਨਹੀਂ ਲੈਂਦਾ ਸਭ ਤੁਹਾਨੂੰ ਦੇ ਦਿੰਦਾ ਹਾਂ। ਹੁਣ ਜੋ ਕਰੇਗਾ ਸੋ ਪਾਵੇਗਾ। ਥੋੜਾ ਕਰਾਂਗੇ ਤਾਂ ਪ੍ਰਜਾ ਵਿਚ ਚਲੇ ਜਾਵਾਂਗੇ। ਗਾਂਧੀ ਜੀ ਦੀ ਜਿਨ੍ਹਾਂ ਨੇ ਮਦਦ ਕੀਤੀ ਉਹ ਵੀ ਪ੍ਰੈਜ਼ੀਡੈਂਟ, ਮਨਿਸਟਰ ਆਦਿ ਬਣੇ ਨਾ। ਇਹ ਹੈ ਅਲਪਕਾਲ ਦਾ ਸੁਖ। ਬਾਪ ਤਾਂ ਸਾਨੂੰ ਸਾਰੇ ਆਦਿ, ਮੱਧ ਅਤੇ ਅੰਤ ਦਾ ਗਿਆਨ ਦੇ ਕੇ ਆਪ ਸਮਾਨ ਤ੍ਰਿਕਾਲਦਰਸ਼ੀ ਬਣਾਉਂਦੇ ਹਨ। ਕਹਿੰਦੇ ਹਨ ਮੇਰੀ ਬਾਯੋਗ੍ਰਾਫੀ ਨੂੰ ਜਾਨਣ ਨਾਲ ਤੁਸੀਂ ਸਭ ਕੁਝ ਜਾਣ ਜਾਵੋਗੇ। ਸੰਨਿਆਸੀ ਥੋੜੇ ਹੀ ਇਹ ਗਿਆਨ ਦੇ ਸਕਦੇ ਹਨ। ਉਨ੍ਹਾਂ ਤੋਂ ਕੀ ਵਰਸਾ ਮਿਲੇਗਾ। ਉਹ ਤਾਂ ਗੱਦੀ ਵੀ ਇਕ ਨੂੰ ਦੇਣਗੇ। ਬਾਕੀਆਂ ਨੂੰ ਕੀ ਮਿਲਦਾ ਹੈ? ਬਾਬਾ ਤਾਂ ਤੁਹਾਨੂੰ ਸਭ ਨੂੰ ਗੱਦੀ ਦਿੰਦੇ ਹਨ। ਕਿੰਨੀ ਨਿਸ਼ਕਾਮ ਸੇਵਾ ਮੈਂ ਕਰਦਾ ਹਾਂ ਤੇ ਤੁਸੀਂ ਮੈਨੂੰ ਠੀਕਰ - ਭਿਤਰ ਵਿਚ ਪਾ ਕੇ ਮੇਰੀ ਕਿੰਨੀ ਗਲਾਨੀ ਕੀਤੀ ਹੈ। ਇਹ ਵੀ ਡਰਾਮਾ ਬਣਿਆ ਹੋਇਆ ਹੈ। ਜਦੋ ਕੌਡੀ ਵਰਗੇ ਬਣ ਜਾਂਦੇ ਹਾਂ ਤਾਂ ਤੁਹਾਨੂੰ ਹੀਰੇ ਵਰਗਾ ਬਣਾਉਂਦਾ ਹਾਂ। ਮੈਂ ਤਾਂ ਅਨੇਕਾਂ ਵਾਰ ਭਾਰਤ ਨੂੰ ਸਵਰਗ ਬਣਾਇਆ ਹੈ ਫਿਰ ਮਾਇਆ ਨੇ ਨਰਕ ਬਣਾਇਆ ਹੈ। ਹੁਣ ਜੇਕਰ ਪ੍ਰਾਪਤੀ ਕਰਨੀ ਹੈ ਤਾਂ ਬਾਪ ਦੇ ਸੱਚੇ ਮਦਦਗਾਰ ਬਣ ਸੱਚੀ ਪ੍ਰਾਈਜ਼ ਲੈ ਲਵੋ। ਇਸ ਵਿਚ ਪਿਓਰਿਟੀ ਫਸਟ ਹੈ।

ਬਾਬਾ ਸੰਨਿਆਸੀਆਂ ਦੀ ਵੀ ਮਹਿਮਾ ਕਰਦੇ ਹਨ - ਉਹ ਵੀ ਚੰਗੇ ਹਨ ਜੋ ਪਵਿੱਤਰ ਰਹਿੰਦੇ ਹਨ। ਇਹ ਵੀ ਭਾਰਤ ਨੂੰ ਡਿੱਗਣ ਤੋਂ ਬਚਾਉਂਦੇ ਹਨ। ਨਹੀਂ ਤਾਂ ਪਤਾ ਨਹੀਂ ਕੀ ਹੋ ਜਾਂਦਾ। ਪਰ ਹੁਣ ਤਾਂ ਭਾਰਤ ਨੂੰ ਸਵਰਗ ਬਣਾਉਣਾ ਹੈ ਤਾਂ ਜਰੂਰ ਗ੍ਰਹਿਸਤ ਵਿਚ ਰਹਿ ਕੇ ਪਵਿੱਤਰ ਬਣਨਾ ਪਵੇ। ਬਾਪਦਾਦਾ ਦੋਵੇਂ ਬਚਿਆ ਨੂੰ ਸਮਝਾਉਂਦੇ ਹਨ। ਸ਼ਿਵਬਾਬਾ ਇਸ ਪੁਰਾਣੀ ਜੁੱਤੀ ਨਾਲ ਬੱਚਿਆਂ ਨੂੰ ਸਲਾਹ ਦਿੰਦੇ ਹਨ। ਨਵੀ ਲੈ ਨਹੀਂ ਸਕਦੇ। ਮਾਤਾ ਦੇ ਗਰਭ ਵਿਚ ਤਾਂ ਆਉਂਦੇ ਨਹੀਂ। ਇਸ ਕਲਯੁਗ ਵਿਚ ਹੀ ਘੋਰ ਹਨੇਰਾ ਹੈ ਇਸਨੂੰ ਹੀ ਸੋਝਰਾ ਬਣਾਉਣਾ ਹੈ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1 ਇਸ ਬੇਹੱਦ ਦੀ ਦੁਨੀਆ ਦਾ ਦਿਲ ਤੋਂ ਸੰਨਿਆਸ ਕਰ ਆਪਣਾ ਮੋਹ ਮਿਟਾ ਦੇਣਾ ਹੈ। ਇਸ ਨਾਲ ਦਿਲ ਨਹੀਂ ਲਗਾਓਨੀ ਹੈ

2 ਬਾਪ ਦਾ ਮਦਦਗਾਰ ਬਣ ਪ੍ਰਾਈਜ਼ ਲੈਣ ਦੇ ਲਈ- **1.** ਅਸ਼ਰੀਰੀ ਬਣਨਾ ਹੈ। **2.** ਪਵਿੱਤਰ ਰਹਿਣਾ ਹੈ। **3.** ਸਵਦਰਸ਼ਨ ਚੱਕਰ ਫਿਰਾਓਨਾ ਹੈ। **4.** ਸਵੀਟ ਹੋਮ ਤੇ ਸਵੀਟ ਰਾਜਧਾਨੀ ਨੂੰ ਯਾਦ ਕਰਨਾ ਹੈ।

ਵਰਦਾਨ:- ਵਿਸ਼ੇਸ਼ਤਾਵਾਂ ਨੂੰ ਸਾਮ੍ਹਣੇ ਰੱਖ ਸਦਾ ਖੁਸ਼ੀ - ਖੁਸ਼ੀ ਨਾਲ ਅੱਗੇ ਵਧਣ ਵਾਲੇ ਨਿਸ਼ਚੇਬੁੱਧੀ ਵਿਜੇਈ ਰਤਨ ਭਵ।
ਆਪਣੀਆਂ ਜੋ ਵੀ ਵਿਸ਼ੇਸ਼ਤਾਵਾਂ ਹਨ, ਉਨ੍ਹਾਂ ਨੂੰ ਸਾਮ੍ਹਣੇ ਰੱਖੋ, ਕਮਜੋਰੀਆਂ ਨੂੰ ਨਹੀਂ, ਤਾਂ ਆਪਣੇ ਆਪ ਤੇ ਫੇਥ ਰਹੇਗਾ। ਕਮਜੋਰੀ ਦੀ ਗੱਲ ਨੂੰ ਜਿਆਦਾ ਨਹੀਂ ਸੋਚੋ ਤਾਂ ਫਿਰ ਖੁਸ਼ੀ ਵਿੱਚ ਅੱਗੇ ਵਧਦੇ ਜਾਵੋਗੇ। ਇਹ ਨਿਸ਼ਚੇ ਰੱਖੋ ਕਿ ਬਾਪ ਸਰਵ ਸ਼ਕਤੀਮਾਨ ਹੈ ਤਾਂ ਉਸ ਦਾ ਹੱਥ ਫੜਨ ਵਾਲੇ ਪਾਰ ਪਹੁੰਚੇ ਕਿ ਪਹੁੰਚੇ। ਅਜਿਹੇ ਸਦਾ ਨਿਸ਼ਚੇ ਬੁੱਧੀ ਵਿਜੇਈ ਰਤਨ ਬਣਦੇ ਹਨ। ਆਪਣੇ ਆਪ ਵਿੱਚ ਨਿਸ਼ਚੇ, ਬਾਪ ਵਿੱਚ ਨਿਸ਼ਚੇ ਅਤੇ ਡਰਾਮਾ ਦੀ ਹਰ ਸੀਨ ਨੂੰ ਵੇਖਦੇ ਹੋਏ ਉਸ ਵਿੱਚ ਵੀ ਪੂਰਾ ਨਿਸ਼ਚੇ ਹੋਵੇ ਤਾਂ ਵਿਜੇਈ ਬਣੋਗੇ।

ਸਲੋਗਨ:- ਪਿਓਰਟੀ ਦੀ ਰੀਅਲਟੀ ਵਿੱਚ ਰਹੋ ਤਾਂ ਹੱਦ ਦੇ ਅਕ੍ਰਸ਼ਣਾਂ ਤੋਂ ਨਿਆਰੇ ਹੋ ਜਾਵੋਗੇ।

******